WCAT Workers' Compensation Appeal Tribunal

# ਫੈਸਲੇ ਤੋਂ ਬਾਅਦ ਲਈ ਗਾਈਡ

# Post Decision Guide

WCAT Workers' Compensation Appeal Tribunal

## ਹੁਣ ਕੀ ਹੁੰਦਾ ਹੈ?

ਤੁਹਾਡਾ ਡਬਲਯੂ ਸੀ ਏ ਟੀ ਦਾ ਫੈਸਲਾ ਅੰਤਿਮ ਅਤੇ ਫੈਸਲਾਕੁਨ ਹੈ। ਤੁਸੀਂ ਇਸ ਦੇ ਵਿਰੁੱਧ ਅਪੀਲ ਨਹੀਂ ਕਰ ਸਕਦੇ।

ਅਪੀਲ ਦਾ ਸਾਡੇ ਵਲੋਂ ਫੈਸਲਾ ਕਰ ਦੇਣ ਤੋਂ ਬਾਅਦ, ਵਰਕਸੇਫ ਬੀ ਸੀ ਸਾਡੇ ਫੈਸਲੇ ਨੂੰ ਲਾਗੂ ਕਰੇਗਾ।

ਉਹ ਸਾਡਾ ਫੈਸਲਾ ਕਿਵੇਂ ਅਤੇ ਕਦੋਂ ਲਾਗੂ ਕਰਨਗੇ, ਇਸ ਸਬੰਧੀ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਵਰਕਸੇਫ ਬੀ ਸੀ ਦੇ ਦਫਤਰ ਜਾਂ ਉਸ ਵਿਭਾਗ ਨਾਲ ਸੰਪਰਕ ਕਰੋ ਜਿਸ ਕੋਲ ਤੁਹਾਡਾ ਕਲੇਮ ਹੈ। ਅਸੀਂ ਆਪਣੇ ਫੈਸਲੇ ਦੇ ਲਾਗੂ ਹੋਣ ਦੀ ਨਿਗਰਾਨੀ ਨਹੀਂ ਕਰਦੇ।

## ਕੀ ਅਸੀਂ ਆਪਣੇ ਫੈਸਲੇ ਨੂੰ ਦਰੁਸਤ ਕਰ ਸਕਦੇ ਹਾਂ?

ਹਾਂ। ਭਾਵੇਂ ਕਿ ਡਬਲਯੂ ਸੀ ਏ ਟੀ ਦੇ ਫੈਸਲੇ ਅੰਤਿਮ ਅਤੇ ਫੈਸਲਾਕੁਨ ਹੁੰਦੇ ਹਨ ਪਰ ਜੇ ਆਪਣੇ ਫੈਸਲੇ ਵਿਚ ਕੋਈ ਅਚਾਨਕ ਰਹਿ ਗਈ ਗਲਤੀ ਜਾਂ ਭੁੱਲ (ਜਿਵੇਂ ਕਿ ਟਾਈਪ ਦੀ ਗਲਤੀ ਜਾਂ ਹਿਸਾਬ ਲਾਉਣ ਦੀ ਗਲਤੀ) ਸਾਡੇ ਧਿਆਨ ਵਿਚ ਆਵੇ ਤਾਂ ਅਸੀਂ ਉਸ ਨੂੰ ਠੀਕ ਕਰ ਸਕਦੇ ਹਾਂ। ਜੇ ਕੋਈ ਅਜਿਹੀ ਗਲਤੀ ਤੁਹਾਡੇ ਧਿਆਨ ਵਿਚ ਆਵੇ ਜਿਹੜੀ ਅਸੀਂ ਕੀਤੀ ਹੈ ਤਾਂ ਕਿਰਪਾ ਕਰਕੇ ਸਾਨੂੰ ਛੇਤੀ ਤੋਂ ਛੇਤੀ ਲਿਖਤੀ ਰੂਪ ਵਿਚ ਇਸ ਬਾਰੇ ਦੱਸੋ ਅਤੇ ਜੇ ਵਾਈਸ ਚੇਅਰ ਸਹਿਮਤ ਹੋ ਜਾਵੇ ਤਾਂ ਅਸੀਂ ਇਸ ਨੂੰ ਠੀਕ ਕਰਾਂਗੇ।

ਅਸੀਂ ਅਜਿਹੀਆਂ ਸਾਰੀਆਂ ਦਰੁਸਤੀਆਂ ਤੁਹਾਨੂੰ ਆਪਣਾ ਫੈਸਲਾ ਭੇਜਣ ਤੋਂ ਬਾਅਦ **90 ਦਿਨਾਂ** ਦੇ ਵਿਚ ਵਿਚ ਕਰਨ ਦੀ ਕੋਸ਼ਿਸ਼ ਕਰਦੇ ਹਾਂ।

## ਕੀ ਅਸੀਂ ਆਪਣੇ ਫੈਸਲੇ ਨੂੰ ਸਪਸ਼ਟ ਕਰ ਸਕਦੇ ਹਾਂ?

ਹਾਂ। ਭਾਵੇਂ ਕਿ ਡਬਲਯੂ ਸੀ ਏ ਟੀ ਦੇ ਫੈਸਲੇ ਅੰਤਿਮ ਅਤੇ ਫੈਸਲਾਕੁਨ ਹੁੰਦੇ ਹਨ ਪਰ ਜੇ ਤੁਹਾਡੇ ਲਈ ਇਹ ਸਪਸ਼ਟ ਨਾ ਹੋਵੇ ਤਾਂ ਅਸੀਂ ਆਪਣੇ ਫੈਸਲੇ ਨੂੰ ਸਪਸ਼ਟ ਕਰ ਸਕਦੇ ਹਾਂ। ਜੇ ਤੁਸੀਂ ਸਾਡੇ ਵਲੋਂ ਫੈਸਲਾ ਭੇਜਣ ਦੀ ਤਾਰੀਖ ਤੋਂ ਬਾਅਦ **90 ਦਿਨਾਂ** ਦੇ ਵਿਚ ਵਿਚ ਅਜਿਹਾ ਕਰਨ ਲਈ ਨਹੀਂ ਕਹਿੰਦੇ ਤਾਂ ਅਸੀਂ ਆਪਣਾ ਫੈਸਲਾ ਸਪਸ਼ਟ ਨਹੀਂ ਕਰ ਸਕਦੇ। ਇਹ ਫੈਸਲਾ ਵਾਈਸ ਚੇਅਰ ਕਰੇਗਾ ਕਿ ਕੀ ਸਪਸ਼ਟੀਕਰਨ ਦੇਣ ਦੀ ਲੋੜ ਹੈ ਜਾਂ ਨਹੀਂ।

## ਪਰ ਜੇ ਅਸੀਂ ਤੁਹਾਡੀ ਅਪੀਲ ਦੇ ਸਾਰੇ ਪੱਖਾਂ ਬਾਰੇ ਫੈਸਲਾ ਨਾ ਕਰੀਏ ਤਾਂ ਕੀ ਹੋਵੇਗਾ?

ਜੇ ਵਾਈਸ ਚੇਅਰ ਅਪੀਲ ਵਿਚਲੇ ਕਿਸੇ ਪੱਖ ਦਾ ਫੈਸਲਾ ਨਹੀਂ ਕਰਦਾ ਤਾਂ ਕਿਰਪਾ ਕਰਕੇ ਸਾਨੂੰ ਲਿਖਤੀ ਰੂਪ ਵਿਚ ਇਸ ਬਾਰੇ ਦੱਸੋ। ਜੇ ਵਾਈਸ ਚੇਅਰ ਇਸ ਗੱਲ ਨਾਲ ਸਹਿਮਤ ਹੋਵੇ ਕਿ ਉਸ ਨੇ ਅਪੀਲ ਵਿਚਲੇ ਕਿਸੇ ਪੱਖ ਬਾਰੇ ਫੈਸਲਾ ਨਹੀਂ ਕੀਤਾ ਤਾਂ ਉਹ ਇਕ ਅਡੈਂਡਮ ਲਿਖ ਕੇ ਆਪਣਾ ਫੈਸਲਾ ਪੂਰਾ ਕਰੇਗਾ।

## ਕੀ ਅਸੀਂ ਆਪਣੇ ਫੈਸਲੇ ’ਤੇ ਮੁੜ ਕੇ ਵਿਚਾਰ ਕਰ ਸਕਦੇ ਹਾਂ?

ਹਾਂ, ਅਸੀਂ ਆਪਣੇ ਅੰਤਿਮ ਫੈਸਲੇ ’ਤੇ ਬਹੁਤ ਹੀ ਸੀਮਤ ਕਾਰਨਾਂ ਕਰਕੇ ਮੁੜ ਕੇ ਵਿਚਾਰ (ਰੀਕਨਸਿਡਰ) ਕਰ ਸਕਦੇ ਹਾਂ। ਇਸ ਕਾਰਵਾਈ ਨੂੰ ਰੀਕਨਸਿਡਰੇਸ਼ਨ ਆਖਿਆ ਜਾਂਦਾ ਹੈ।

ਮੁੜ ਕੇ ਵਿਚਾਰ ਕਰਵਾਉਣ ਲਈ, ਤੁਹਾਡੇ ਲਈ ਇਹ ਦਿਖਾਉਣਾ ਜ਼ਰੂਰੀ ਹੈ:

- ਕਿ ਨਵਾਂ ਸਬੂਤ ਹੈ ਜਿਹੜਾ ਕਿ ਉਸ ਵੇਲੇ ਉਪਲਬਧ ਨਹੀਂ ਸੀ ਜਦੋਂ ਵਾਈਸ ਚੇਅਰ ਫੈਸਲਾ ਕਰ ਰਿਹਾ ਸੀ (ਇਸ ਗਾਈਡ ਦੇ ਸਫਾ 3 ’ਤੇ *ਨਵਾਂ ਸਬੂਤ ਕੀ ਹੈ?* ਦੇਖੋ), ਜਾਂ
- ਕਿ ਅਸੀਂ ਅਧਿਕਾਰ ਖੇਤਰ ਦੀ ਗਲਤੀ ਕੀਤੀ ਹੈ (ਇਸ ਗਾਈਡ ਦੇ ਸਫਾ 3 ’ਤੇ *ਅਧਿਕਾਰ ਖੇਤਰ ਦੀ ਗਲਤੀ ਕੀ ਹੈ?* ਦੇਖੋ)।

ਇਨ੍ਹਾਂ ਨੂੰ ਗਰਾਊਂਡਜ਼ ਫਾਰ ਰੀਕੌਨਸਿਡਰੇਸ਼ਨ ਆਖਿਆ ਜਾਂਦਾ ਹੈ।

ਸਾਡੇ ਫੈਸਲੇ ’ਤੇ ਮੁੜ ਕੇ ਵਿਚਾਰ ਕਰਵਾਉਣ ਲਈ ਸਿਰਫ ਅਪੀਲਕਰਤਾ ਜਾਂ ਉੱਤਰਦਾਇਕ (ਜਾਂ ਉਨ੍ਹਾਂ ਦਾ ਨੁਮਾਇੰਦਾ) ਹੀ ਅਪਲਾਈ ਕਰ ਸਕਦਾ ਹੈ।

## ਮੈਂ ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਕਿਵੇਂ ਕਰਾਂ?

ਕਿਰਪਾ ਕਰਕੇ *ਐਪਲੀਕੇਸ਼ਨ ਫਾਰ ਰੀਕਨਸਿਡਰੇਸ਼ਨ* (ਮੁੜ ਕੇ ਵਿਚਾਰ ਕਰਵਾਉਣ ਦਾ) ਫਾਰਮ ਭਰੋ ਅਤੇ ਇਸ ਨੂੰ ਟ੍ਰਿਬਿਊਨਲ ਕੌਂਸਲ ਦੇ ਦਫਤਰ ਨੂੰ ਭੇਜੋ। ਤੁਹਾਨੂੰ ਫਾਰਮ, ਸਾਡੇ ਵੈੱਬਸਾਈਟ www.wcat.bc.ca ’ਤੇ **ਫਾਰਮਜ਼** ਟੈਬ ਹੇਠ ਮਿਲੇਗਾ। ਤੁਸੀਂ ਸਾਨੂੰ ਟੈਲੀਫੋਨ ਵੀ ਕਰ ਸਕਦੇ ਹੋ ਅਤੇ ਅਸੀਂ ਤੁਹਾਨੂੰ ਫਾਰਮ ਭੇਜ ਦਿਆਂਗੇ। ਜੇ ਤੁਹਾਡੀ ਐਪਲੀਕੇਸ਼ਨ ਫਾਰ ਰੀਕਨਸਿਡਰੇਸ਼ਨ ਨਵੇਂ ਸਬੂਤਾਂ ਦੇ ਆਧਾਰ ’ਤੇ ਹੈ ਤਾਂ ਤੁਹਾਨੂੰ ਆਪਣੀ ਅਰਜ਼ੀ ਦੇ ਨਾਲ ਨਵਾਂ ਸਬੂਤ ਭੇਜਣਾ ਚਾਹੀਦਾ ਹੈ।

ਤੁਸੀਂ ਟ੍ਰਿਬਿਊਨਲ ਕੌਂਸਲ ਦੇ ਦਫਤਰ ਨੂੰ ਇਕ ਚਿੱਠੀ ਲਿਖ ਕੇ ਵੀ ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਕਰ ਸਕਦੇ ਹੋ ਕਿ ਤੁਸੀਂ ਮੁੜ ਕੇ ਵਿਚਾਰ ਕਰਵਾਉਣ ਦੇ ਆਧਾਰ ਕਿਵੇਂ ਪੂਰੇ ਕਰਦੇ ਹੋ (ਇਸ ਗਾਈਡ ਦੇ ਸਫਾ 2 ’ਤੇ *ਕੀ ਅਸੀਂ ਫੈਸਲੇ ’ਤੇ ਮੁੜ ਕੇ ਵਿਚਾਰ ਕਰ ਸਕਦੇ ਹਾਂ?* ਦੇਖੋ)।

## ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਕਰਨ ਲਈ ਕੀ ਸਮੇਂ ਦੀ ਕੋਈ ਹੱਦ ਹੈ?

ਨਹੀਂ। ਸਮੇਂ ਦੀ ਕੋਈ ਹੱਦ ਨਹੀਂ ਹੈ।

## ਨਵਾਂ ਸਬੂਤ ਕੀ ਹੈ?

ਸਬੂਤ ਦੇ ਨਵੇਂ ਹੋਣ ਲਈ ਇਹ ਜ਼ਰੂਰੀ ਹੈ ਕਿ ਇਹ ਉਦੋਂ ਮੌਜੂਦ ਨਹੀਂ ਸੀ ਜਦੋਂ ਤੁਹਾਡੀ ਅਪੀਲ ’ਤੇ ਫੈਸਲਾ ਹੋ ਰਿਹਾ ਸੀ ਜਾਂ, ਜੇ ਇਹ ਮੌਜੂਦ ਸੀ ਤਾਂ ਤੁਹਾਨੂੰ ਇਸ ਬਾਰੇ ਪਤਾ ਨਹੀਂ ਸੀ ਅਤੇ ਕੋਸ਼ਿਸ਼ ਕਰਨ ’ਤੇ ਵੀ ਤੁਸੀਂ ਇਸ ਨੂੰ ਲੱਭਣ ਦੇ ਯੋਗ ਨਹੀਂ ਹੋਣਾ ਸੀ। ਇਸ ਨੂੰ ਰੀਜ਼ਨੇਬਲ ਡਿਲੀਜੈਂਸ ਆਖਿਆ ਜਾਂਦਾ ਹੈ।

ਨਵੇਂ ਸਬੂਤ ਦਾ ਮਹੱਤਵਪੂਰਨ ਹੋਣਾ ਜ਼ਰੂਰੀ ਹੈ ਜਿਸ ਦਾ ਮਤਲਬ ਹੈ ਕਿ ਇਹ ਅਹਿਮ ਹੋਵੇ ਅਤੇ ਇਹ ਵੱਖਰੇ ਸਿੱਟੇ ਦੀ ਹਿਮਾਇਤ ਕਰਦਾ ਹੋਵੇ। ਇਸ ਦਾ ਮਾਟੀਰੀਅਲ ਹੋਣਾ ਵੀ ਜ਼ਰੂਰੀ ਹੈ, ਜਿਸ ਦਾ ਮਤਲਬ ਹੈ ਕਿ ਇਸ ਦਾ ਫੈਸਲੇ ਲਈ ਢੁਕਵਾਂ ਹੋਣਾ ਜ਼ਰੂਰੀ ਹੈ। ਉਦਾਹਰਣ ਲਈ, ਕਿਸੇ ਨਵੇਂ ਸ਼ੁਰੂ ਹੋਏ ਡਾਕਟਰੀ ਟੈੱਸਟ ਦੇ ਆਧਾਰ ’ਤੇ ਕੋਈ ਨਵੀਂ ਡਾਕਟਰੀ ਰਾਇ ਨਵਾਂ ਸਬੂਤ ਹੋ ਸਕਦਾ ਹੈ, ਜਦ ਕਿ ਫਾਇਲ ’ਤੇ ਪਹਿਲਾਂ ਹੀ ਮੌਜੂਦ ਕਿਸੇ ਡਾਕਟਰੀ ਰਾਇ ਦੀ ਪੁਸ਼ਟੀ ਕਰਨ ਵਾਲੀ ਕਿਸੇ ਨਵੇਂ ਸਪੈਸ਼ਲਿਸਟ ਦੀ ਰਾਇ ਸ਼ਾਇਦ ਨਹੀਂ।

## ਅਧਿਕਾਰ ਖੇਤਰ ਦੀ ਗਲਤੀ (ਡਿਫੈਕਟ) ਕੀ ਹੈ?

ਅਧਿਕਾਰ ਖੇਤਰ ਦੀ ਗਲਤੀ (ਜੁਰੀਸਡਿਕਸ਼ਨਲ ਐਰਰ) ਉਦੋਂ ਹੁੰਦੀ ਹੈ ਜਦੋਂ ਅਸੀਂ ਕੋਈ ਅਜਿਹੀ ਚੀਜ਼ ਕੀਤੀ ਹੋਵੇ ਜੋ ਕਰਨ ਦਾ ਸਾਨੂੰ ਅਧਿਕਾਰ ਨਹੀਂ ਸੀ, ਜਾਂ ਅਸੀਂ ਕੋਈ ਚੀਜ਼ ਨਹੀਂ ਕੀਤੀ ਜਿਹੜੀ ਸਾਨੂੰ ਕਰਨ ਦੀ ਲੋੜ ਸੀ।

ਅਧਿਕਾਰ ਖੇਤਰ ਦੀ ਗਲਤੀ ਉਦੋਂ ਹੁੰਦੀ ਹੈ ਜਦੋਂ ਵਾਈਸ ਚੇਅਰ ਦਾ ਫੈਸਲਾ ਸਪਸ਼ਟ ਤੌਰ ’ਤੇ ਗੈਰਵਾਜਬ ਹੋਵੇ। ਇਸ ਦਾ ਮਤਲਬ ਹੈ ਕਿ ਗਲਤੀ ਦਾ ਇੰਨੀ ਵੱਡੀ ਅਤੇ ਇੰਨਾ ਸਪਸ਼ਟ ਹੋਣਾ ਜ਼ਰੂਰੀ ਹੈ ਕਿ ਵਾਜਬ ਤੌਰ ’ਤੇ ਫੈਸਲਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੇ ਇਹ ਨਹੀਂ ਕੀਤੀ ਹੋਣੀ ਚਾਹੀਦੀ ਸੀ। ਇੰਨਾ ਹੀ ਕਾਫੀ ਨਹੀਂ ਹੈ ਕਿ ਕਿਸੇ ਹੋਰ ਵਾਈਸ ਚੇਅਰ ਨੇ ਅਪੀਲ ’ਤੇ ਫੈਸਲਾ ਵੱਖਰੇ ਤਰੀਕੇ ਨਾਲ ਕਰਨਾ ਸੀ। ਉਦਾਹਰਣ ਲਈ, ਸਪਸ਼ਟ ਤੌਰ ’ਤੇ ਗੈਰਵਾਜਬ ਹੋਣ ਲਈ, ਮੁਢਲੇ ਵਾਈਸ ਚੇਅਰ ਨੇ ਫੈਸਲਾ ਬਿਨਾਂ ਕਿਸੇ ਸਬੂਤ ਦੇ ਕੀਤਾ ਸੀ, ਜਾਂ ਉਸ ਨੇ ਜ਼ਰੂਰੀ ਸਬੂਤ ਨੂੰ ਅਣਡਿੱਠ ਕੀਤਾ ਸੀ, ਜਾਂ ਇਹ ਨਹੀਂ ਦੱਸਿਆ ਕਿ ਉਸ ਨੇ ਕੋਈ ਖਾਸ ਸਬੂਤ ਕਿਉਂ ਪ੍ਰਵਾਨ ਕੀਤਾ ਅਤੇ ਵਿਰੋਧੀ ਸਬੂਤ ਕਿਉਂ ਨਹੀਂ ਪ੍ਰਵਾਨ ਕੀਤਾ, ਜਾਂ ਫੈਸਲਾ ਦਲੀਲਾਂ ’ਤੇ ਆਧਾਰਿਤ ਨਹੀਂ ਹੈ।

ਅਧਿਕਾਰ ਖੇਤਰ ਦੀ ਗਲਤੀ ਤਾਂ ਵੀ ਹੁੰਦੀ ਹੈ ਜੇ ਅਸੀਂ ਵਾਜਬ ਕਾਰਵਾਈ ਨਾ ਕਰੀਏ। ਉਦਾਹਰਣ ਲਈ, ਇਹ ਅਧਿਕਾਰ ਖੇਤਰ ਦੀ ਗਲਤੀ ਹੋਵੇਗੀ ਜੇ ਅਸੀਂ ਤੁਹਾਨੂੰ ਆਪਣੇ ਵਿਚਾਰ ਦੇਣ  ਦਾ ਮੌਕਾ ਨਾ ਦਈਏ, ਜਾਂ ਸਾਨੂੰ ਪ੍ਰਾਪਤ ਹੋਇਆ ਕੋਈ ਨਵਾਂ ਸਬੂਤ ਤੁਹਾਨੂੰ ਨਾ ਭੇਜੀਏ, ਜਾਂ ਜੇ ਅਸੀਂ ਤੁਹਾਨੂੰ ਦਿੱਤੀ ਗਈ ਅੰਤਿਮ ਤਾਰੀਖ ਤੱਕ ਤੁਹਾਡੇ ਵਲੋਂ ਦਰਜ ਕਰਵਾਈ ਗਈ ਜਾਣਕਾਰੀ ’ਤੇ ਵਿਚਾਰ ਨਾ ਕਰੀਏ। ਅਧਿਕਾਰ ਖੇਤਰ ਦੀ ਇਸ ਕਿਸਮ ਦੀ ਗਲਤੀ ਕਾਰਨ ਮੁੜ ਕੇ ਵਿਚਾਰ ਕਰਵਾਉਣ ਦੇ ਯੋਗ ਹੋਣ ਲਈ ਤੁਹਾਡੇ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਅਸੀਂ ਸਾਰੀਆਂ ਸਥਿਤੀਆਂ ਵਿਚ ਵਾਜਬ ਵਰਤਾਉ ਨਹੀਂ ਕੀਤਾ।

## ਮੈਂ ਮੁੜ ਕੇ ਵਿਚਾਰ ਕਰਵਾਉਣ ਲਈ ਕਿੰਨੀ ਵਾਰੀ ਅਪਲਾਈ ਕਰ ਸਕਦਾ/ਸਕਦੀ ਹਾਂ?

ਤੁਸੀਂ ਡਬਲਯੂ ਸੀ ਏ ਟੀ ਦੇ ਫੈਸਲੇ ’ਤੇ ਹਰ ਇਕ ਆਧਾਰ ’ਤੇ ਮੁੜ ਕੇ ਵਿਚਾਰ ਕਰਵਾਉਣ ਲਈ ਸਿਰਫ ਇਕ ਵਾਰ ਹੀ ਅਪਲਾਈ ਕਰ ਸਕਦੇ ਹੋ। ਜੇ ਤੁਸੀਂ ਦੋਨਾਂ ਆਧਾਰਾਂ ’ਤੇ ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਇਹ ਇਕੋ ਸਮੇਂ ਹੋ ਸਕਦਾ ਹੈ ਜਾਂ ਵੱਖ ਵੱਖ ਸਮੇਂ ਹੋ ਸਕਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਉਨੀ ਦੇਰ ਤੱਕ ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਨਾ ਕਰੋ ਜਿੰਨੀ ਦੇਰ ਤੱਕ ਤੁਸੀਂ ਤਿਆਰ ਨਾ ਹੋਵੋ।

ਜੇ ਡਬਲਯੂ ਸੀ ਏ ਟੀ ਕੋਲ ਇਕ ਨਾਲੋਂ ਜ਼ਿਆਦਾ ਫੈਸਲਿਆਂ ਦੀ ਅਪੀਲ ਕੀਤੀ ਗਈ ਸੀ ਅਤੇ ਪ੍ਰਬੰਧਕੀ ਤੌਰ ’ਤੇ ਅਸੀਂ ਇਨ੍ਹਾਂ ਨੂੰ ਇਕੱਠੇ ਕਰ ਦਿੱਤਾ ਸੀ ਅਤੇ ਇਸ ਕਰਕੇ ਅਸੀਂ ਸਿਰਫ ਇਕ ਫੈਸਲਾ ਹੀ ਜਾਰੀ ਕੀਤਾ ਸੀ ਤਾਂ ਤੁਸੀਂ ਮੁੜ ਵਿਚਾਰ ਕਰਵਾਉਣ ਲਈ ਵੱਖ ਵੱਖ ਅਰਜ਼ੀਆਂ ਸਿਰਫ ਨਵੇਂ ਸਬੂਤ ਦੇ ਆਧਾਰ ’ਤੇ ਹੀ ਲਿਆ ਸਕਦੇ ਹੋ। ਪਰ, ਜੇ ਤੁਹਾਡਾ ਨਵਾਂ ਸਬੂਤ ਇਕ ਨਾਲੋਂ ਜ਼ਿਆਦਾ ਸਾਂਝੀਆਂ ਅਪੀਲਾਂ ਲਈ ਢੁਕਵਾਂ ਹੈ ਤਾਂ ਤੁਹਾਡੇ ਲਈ ਇੱਕੋ ਸਮੇਂ ਸਾਰੀਆ ਅਪੀਲਾਂ ਲਈ ਮੁੜ ਕੇ ਵਿਚਾਰ ਕਰਵਾਉਣ ਲਈ ਅਪਲਾਈ ਕਰਨਾ ਜ਼ਰੂਰੀ ਹੈ।

## ਮੁੜ ਕੇ ਵਿਚਾਰ ਕਰਨ ਦੀ ਕਾਰਵਾਈ ਕਿਵੇਂ ਹੁੰਦੀ ਹੈ?

ਟ੍ਰਿਬਿਊਨਲ ਕੌਂਸਲ ਦਾ ਦਫਤਰ ਇਹ ਦੇਖਣ ਲਈ ਤੁਹਾਡੀ ਅਰਜ਼ੀ ਦੀ ਪੜਤਾਲ ਕਰੇਗਾ ਕਿ ਕੀ ਤੁਸੀਂ ਮੁੜ ਕੇ ਵਿਚਾਰ ਕਰਵਾਉਣ ਲਈ ਸੰਭਾਵੀ ਆਧਾਰ ਤਹਿ ਕੀਤੇ ਹਨ ਜਾਂ ਨਹੀਂ। ਜੇ ਤੁਸੀਂ ਕੀਤੇ ਹੋਣ ਤਾਂ ਉਹ ਤੁਹਾਡੀ ਅਰਜ਼ੀ ਸਾਡੀ ਰਜਿਸਟਰੀ ਨੂੰ ਭੇਜਣਗੇ। ਜੇ ਤੁਸੀਂ ਅਪੀਲਕਰਤਾ ਹੋਵੋ ਤਾਂ ਰਜਿਸਟਰੀ ਫਿਰ ਉੱਤਰਦਾਇਕ (ਰਿਸਪੌਂਡੈਂਟ) ਨੂੰ ਮੁੜ ਕੇ ਵਿਚਾਰ ਵਿਚ ਹਿੱਸਾ ਲੈਣ ਦਾ ਸੱਦਾ ਦੇਵੇਗੀ ਭਾਵੇਂ ਕਿ ਉਨ੍ਹਾਂ ਨੇ ਅਪੀਲ ਵਿਚ ਹਿੱਸਾ ਨਾ ਵੀ ਲਿਆ ਹੋਵੇ। ਜੇ ਤੁਸੀਂ ਉੱਤਰਦਾਇਕ ਹੋਵੋ ਤਾਂ ਰਜਿਸਟਰੀ ਫਿਰ ਅਪੀਲਕਰਤਾ ਨੂੰ ਮੁੜ ਕੇ ਵਿਚਾਰ ਵਿਚ ਹਿੱਸਾ ਲੈਣ ਦਾ ਸੱਦਾ ਦੇਵੇਗੀ।

ਰਜਿਸਟਰੀ, ਅਪੀਲਕਰਤਾ ਅਤੇ ਉੱਤਰਦਾਇਕ ਤੋਂ ਲਿਖਤੀ ਦਲੀਲਾਂ ਮੰਗੇਗੀ। ਜਦੋਂ ਰਜਿਸਟਰੀ ਨੂੰ ਸਾਰੀਆਂ ਦਲੀਲਾਂ ਮਿਲ ਜਾਣ ਤਾਂ ਫਿਰ ਇਹ ਸਾਰੀਆਂ ਲਿਖਤੀ ਦਲੀਲਾਂ ਦੇ ਨਾਲ ਤੁਹਾਡੀ ਮੁੜ ਕੇ ਵਿਚਾਰ ਕਰਵਾਉਣ ਦੀ ਅਰਜ਼ੀ ਵਾਈਸ ਚੇਅਰ ਨੂੰ ਭੇਜੇਗੀ ਜੋ ਇਹ ਫੈਸਲਾ ਕਰੇਗਾ ਕਿ ਕੀ ਮੁੜ ਕੇ ਵਿਚਾਰ ਕਰਨ ਲਈ ਆਧਾਰ ਮੌਜੂਦ ਹਨ ਕਿ ਨਹੀਂ। ਵਾਈਸ ਚੇਅਰ ਆਪਣਾ ਫੈਸਲਾ ਲਿਖਤੀ ਰੂਪ ਵਿਚ ਜਾਰੀ ਕਰੇਗਾ।

ਜੇ ਮੁੜ ਕੇ ਵਿਚਾਰ ਕਰਨ ਵਾਲਾ ਵਾਈਸ ਚੇਅਰ ਇਹ ਫੈਸਲਾ ਕਰਦਾ ਹੈ ਕਿ ਕਿ ਮੁੜ ਕੇ ਵਿਚਾਰ ਕਰਨ ਲਈ ਆਧਾਰ ਮੌਜੂਦ ਹਨ ਤਾਂ ਉਹ ਤੁਹਾਡੀ ਅਰਜ਼ੀ ’ਤੇ ਮੁੜ ਕੇ ਵਿਚਾਰ ਕਰਨ ਦੀ ਆਗਿਆ ਦੇਵੇਗਾ। ਅਪੀਲ ਮੁਢਲੇ ਵਾਈਸ ਚੇਅਰ ਵਲੋਂ, ਜਾਂ ਮੁੜ ਕੇ ਵਿਚਾਰ ਕਰਨ ਵਾਲੇ ਵਾਈਸ ਚੇਅਰ ਵਲੋਂ ਜਾਂ ਕਿਸੇ ਨਵੇਂ ਵਾਈਸ ਚੇਅਰ ਵਲੋਂ ਦੁਬਾਰਾ ਸੁਣੀ ਜਾਵੇਗੀ।

ਤੁਹਾਡੀ ਮੁੜ ਕੇ ਵਿਚਾਰ ਦੀ ਅਰਜ਼ੀ ’ਤੇ ਫੈਸਲਾ ਕਰਨ ਲਈ ਸਾਨੂੰ ਕੁਝ ਸਮਾਂ ਲੱਗ ਸਕਦਾ ਹੈ ਕਿਉਂਕਿ ਅਸੀਂ ਪਹਿਲ ਨਵੀਂਆਂ ਅਪੀਲਾਂ ਨੂੰ ਦਿੰਦੇ ਹਾਂ।

## ਕੀ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਮੇਰੇ ਨਵੇਂ ਸਬੂਤ ਦੇ ਖਰਚੇ ਦੇਣ ਲਈ ਆਰਡਰ ਕਰੇਗਾ?

ਜੇ ਤੁਹਾਡੀ ਮੁੜ ਕੇ ਵਿਚਾਰ ਦੀ ਅਰਜ਼ੀ ਨਵੇਂ ਸਬੂਤ ’ਤੇ ਆਧਾਰਿਤ ਹੈ ਤਾਂ ਮੁੜ ਕੇ ਵਿਚਾਰ ਕਰਨ ਵਾਲਾ ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਕੀ ਨਵਾਂ ਸਬੂਤ ਲੈਣ ਦਾ ਤੁਹਾਡਾ ਖਰਚਾ ਤੁਹਾਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਵਾਪਸ ਕਰਨ ਯੋਗ ਪੈਸਿਆਂ ਦੀ ਰਕਮ ਉੱਪਰ ਅਸੀਂ ਹੱਦਾਂ ਲਾਗੂ ਕਰਦੇ ਹਾਂ, ਜਿਸ ਬਾਰੇ ਤੁਸੀਂ ਸਾਡੇ ਵੈੱਬਸਾਈਟ ’ਤੇ ***ਐੱਮ ਆਰ ਪੀ ਪੀ*** ਟੈਬ ਹੇਠ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਅਤੇ ***ਅਪੀਲ ਐਕਸਪੈਂਸਿਜ਼*** ਟੈਬ ਹੇਠ ਦੇਖ ਸਕਦੇ ਹੋ। ਜੇ ਤੁਹਾਡਾ ਬਿੱਲ ਜ਼ਿਆਦਾ ਹੋਵੇ ਅਤੇ ਤੁਸੀਂ ਆਪਣੇ ਸਾਰੇ ਖਰਚੇ ਵਾਪਸ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਉਨ੍ਹਾਂ ਕਾਰਨਾਂ ਬਾਰੇ ਦੱਸੋ ਜਿਨ੍ਹਾਂ ਕਰਕੇ ਤੁਸੀਂ ਸੋਚਦੇ ਹੋ ਕਿ ਸਾਨੂੰ ਪੂਰੀ ਰਕਮ ਦੇਣ ਦਾ ਆਰਡਰ ਕਰਨਾ ਚਾਹੀਦਾ ਹੈ।

## ਕੀ ਮੈਂ ਕੁਝ ਹੋਰ ਵੀ ਕਰ ਸਕਦਾ/ਸਕਦੀ ਹਾਂ?

ਤੁਸੀਂ ਸਾਡੇ ਵਲੋਂ ਜਾਰੀ ਕੀਤੇ ਗਏ ਫੈਸਲੇ ਦੀ ਤਾਰੀਖ ਤੋਂ ਬਾਅਦ **60 ਦਿਨਾਂ** ਦੇ ਵਿਚ ਵਿਚ, ਅਧਿਕਾਰ ਖੇਤਰ ਦੀ ਗਲਤੀ ਦੇ ਆਧਾਰ ’ਤੇ ਜੂਡੀਸ਼ੀਅਲ ਰਿਵੀਊ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਵੀ ਅਪਲਾਈ ਕਰ ਸਕਦੇ ਹੋ। (ਇਸ ਗਾਈਡ ਦੇ ਸਫਾ 3 ’ਤੇ *ਅਧਿਕਾਰ ਖੇਤਰ ਦੀ ਗਲਤੀ ਕੀ ਹ?* ਦੇਖੋ)।

ਡਬਲਯੂ ਸੀ ਏ ਟੀ ਦੇ ਫੈਸਲਿਆਂ ਦੇ ਜੂਡੀਸ਼ੀਅਲ ਰਿਵੀਊਜ਼ ਬਾਰੇ ਜਾਣਕਾਰੀ ਸਾਡੇ ਵੈੱਬਸਾਈਟ ’ਤੇ ਅਤੇ ਜੂਡੀਸ਼ੀਅਲ ਰਿਵੀਊ ਗਾਈਡ ਵਿਚ ਹੈ ਜੋ ਕਿ ਤੁਸੀਂ ***ਆਫਟਰ ਐਨ ਅਪੀਲ*** ਟੈਬ ਥੱਲੇ ਦੇਖ ਸਕਦੇ ਹੋ। ਤੁਸੀਂ ਸਾਨੂੰ ਫੋਨ ਵੀ ਕਰ ਸਕਦੇ ਹੋ ਅਤੇ ਅਸੀਂ ਇਹ ਤੁਹਾਨੂੰ ਭੇਜ ਦਿਆਂਗੇ। ਜੂਡੀਸ਼ੀਅਲ ਰਿਵੀਊਜ਼ ਬਾਰੇ ਆਮ ਜਾਣਕਾਰੀ, ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਵੈੱਬਸਾਈਟ www.courts.gov.bc.ca ’ਤੇ ***ਸੈਲਫ-ਰੈਪਰੇਜ਼ਿਨਟਿਡ ਲਿਟੀਗੈਂਟਜ਼*** ਟੈਬ ਅਧੀਨ ਜੂਡੀਸ਼ੀਅਲ ਰਿਵੀਊ ਗਾਈਡਬੁੱਕ ਵਿਚ ਵੀ ਉਪਲਬਧ ਹੈ।

## ਕੀ ਮੈਂ ਇੱਕੋ ਸਮੇਂ ਮੁੜ ਕੇ ਵਿਚਾਰ ਕਰਵਾਉਣ ਲਈ ਅਤੇ ਜੂਡੀਸ਼ੀਅਲ ਰਿਵੀਊ ਲਈ ਅਪਲਾਈ ਕਰ ਸਕਦਾ/ਸਕਦੀ ਹਾਂ?

ਹਾਂ। ਤੁਸੀਂ ਇੱਕੋ ਸਮੇਂ ਇਕ ਹੀ ਫੈਸਲੇ ਉੱਤੇ ਮੁੜ ਕੇ ਵਿਚਾਰ ਕਰਵਾਉਣ ਲਈ ਅਤੇ ਜੂਡੀਸ਼ੀਅਲ ਰਿਵੀਊ ਲਈ ਅਪਲਾਈ ਕਰ ਸਕਦੇ ਹੋ। ਉਸ ਕੇਸ ਵਿਚ, ਅਸੀਂ ਮੁੜ ਕੇ ਵਿਚਾਰ ਕਰਨ ਵਾਲੇ ਵਾਈਸ ਚੇਅਰ ਨੂੰ ਜੂਡੀਸ਼ੀਅਲ ਰਿਵੀਊ ਪਟੀਸ਼ਨ ਅਤੇ ਹੋਰ ਸੰਬੰਧਿਤ ਪੇਪਰ ਦੇਵਾਂਗੇ। ਵਾਈਸ ਚੇਅਰ ਉਨ੍ਹਾਂ ਪੇਪਰਾਂ ਦੇ ਉਨ੍ਹਾਂ ਹਿੱਸਿਆਂ ’ਤੇ ਵਿਚਾਰ ਕਰੇਗਾ ਜਿਹੜੇ ਮੁੜ ਕੇ ਵਿਚਾਰ ਕਰਵਾਉਣ ਦੀ ਅਰਜ਼ੀ ’ਤੇ ਢੁਕਵੇਂ ਹਨ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਮੁੜ ਕੇ ਵਿਚਾਰ ਕਰਵਾਉਣ ਬਾਰੇ ਜ਼ਿਆਦਾ ਜਾਣਕਾਰੀ, ਜਿਸ ਵਿਚ *ਐਪਲੀਕੇਸ਼ਨ ਫਾਰ ਰੀਕਨਸਿਡਰੇਸ਼ਨ* ਫਾਰਮ ਵੀ ਸ਼ਾਮਲ ਹੈ, ਸਾਡੇ ਵੈੱਬਸਾਈਟ (www.wcat.bc.ca)’ਤੇ ***ਆਫਟਰ ਐਨ ਅਪੀਲ*** ਟੈਬ ਹੇਠ ਲੈ ਸਕਦੇ ਹੋ। ਤੁਸੀਂ ਡਬਲਯੂ ਸੀ ਏ ਟੀ ਦਾ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* (ਐੱਮ ਆਰ ਪੀ ਪੀ) ***ਐੱਮ ਆਰ ਪੀ ਪੀ*** ਟੈਬ ਥੱਲੇ ਦੇਖ ਸਕਦੇ ਹੋ। ਡਬਲਯੂ ਸੀ ਏ ਟੀ ਦੇ ਪਹਿਲੇ ਫੈਸਲੇ ***ਸਰਚ ਆਵਰ ਡਿਸੀਜ਼ਨਜ਼*** ਟੈਬ ਥੱਲੇ ਦੇਖੇ ਜਾ ਸਕਦੇ ਹਨ।

ਵਰਕਸੇਫ ਬੀ ਸੀ ਬਾਰੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ: 1 888 967-5377

## ਮੈਨੂੰ ਆਪਣੇ ਫੈਸਲੇ ’ਤੇ ਮੁੜ ਕੇ ਵਿਚਾਰ ਕਰਵਾਉਣ ਬਾਰੇ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਵਰਕਰਜ਼’ ਜਾਂ ਇਮਪਲੌਏਅਰਜ਼’ ਐਡਵਾਈਜ਼ਰ ਤੋਂ ਮੁੜ ਕੇ ਵਿਚਾਰ ਕਰਵਾਉਣ ਦੀ ਅਰਜ਼ੀ ਦੇ ਸਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

## ਵਰਕਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/wab

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
204 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5488
*ਫੈਕਸ:* 604 870-5494
*ਬੀ ਸੀ ਵਿਚ ਟੋਲ ਫ੍ਰੀ:*
1 888 295-7781

**ਰਿਚਮੰਡ**
500 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0360
*ਫੈਕਸ:* 604 713-0311
*ਬੀ ਸੀ ਵਿਚ ਟੋਲ ਫ੍ਰੀ:*
1 800 663-4261

### ਵੈਨਕੂਵਰ ਆਈਲੈਂਡ ਦਾ ਇਲਾਕਾ

**ਕੈਂਬਲ ਰਿਵਰ**
205 -1040 Shoppers Row
Campbell River, BC V9W 2C6
*ਟੈਲੀਫੋਨ:* 250 830-6526
*ਫੈਕਸ:* 250 830-6528
*ਬੀ ਸੀ ਵਿਚ ਟੋਲ ਫ੍ਰੀ:*
1 888 643-0013

**ਨਨਾਇਮੋ**
504 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5504
*ਫੈਕਸ:* 250 741-5516
*ਬੀ ਸੀ ਵਿਚ ਟੋਲ ਫ੍ਰੀ:*
1 800 668-2117

**ਵਿਕਟੋਰੀਆ**
403 - 3960 Quadra Street
Victoria, BC V8X 4A3
*ਟੈਲੀਫੋਨ:* 250 952-4393
*ਫੈਕਸ:* 250 952-4399
*ਬੀ ਸੀ ਵਿਚ ਟੋਲ ਫ੍ਰੀ:*
1 800 661-4066

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
102 - 70 Second Avenue
Kamloops, BC V2C 6W2
*ਟੈਲੀਫੋਨ:* 250 371-3860
*ਫੈਕਸ:* 250 371-3820
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਕਲੋਨਾ**
101 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2096
*ਫੈਕਸ:* 250 717-2010
*ਬੀ ਸੀ ਵਿਚ ਟੋਲ ਫ੍ਰੀ:*
1 866 881-1188

**ਨੈਲਸਨ**
310 Ward Street
Second Floor
Nelson, BC V1L 5S4
*ਟੈਲੀਫੋਨ:* 250 354-6933
*ਫੈਕਸ:* 250 354-6944
*ਬੀ ਸੀ ਵਿਚ ਟੋਲ ਫ੍ਰੀ:*
1 866 354-6933

**ਪ੍ਰਿੰਸ ਜੌਰਜ**
208 -1577 7th Avenue
Prince George, BC V2L 3P5
*ਟੈਲੀਫੋਨ:* 250 565-4280
*ਫੈਕਸ:* 250 565-4283
*ਬੀ ਸੀ ਵਿਚ ਟੋਲ ਫ੍ਰੀ:*
1 800 263-6066



## ਇਮਪਲੌਏਅਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 800 925-2233

### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ: 1800 663-8783*

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 877 877-5524

## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ**

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ**

*ਉੱਤਰਦਾਇਕ ਦੀ ਗਾਈਡ**

*ਜ਼ਬਾਨੀ ਸੁਣਵਾਈ ਬਾਰੇ ਗਾਈਡ**

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ**

*ਡਾਕਟਰੀ ਸਬੂਤਾਂ ਬਾਰੇ ਗਾਈਡ**

*ਫੈਸਲੇ ਤੋਂ ਬਾਅਦ ਲਈ ਗਾਈਡ**

* ਇਹ ਗਾਈਡਾਂ ਸਾਡੇ ਵੈੱਬਸਾਈਟ ’ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers’ Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers’ Compensation Appeal Tribunal



Revised February 2012